بسم الله الرحمن الرحيم نحمده ونصلي على رسوله الكريم وعلى عبده المسيح الموعود
لا اله الا الله محمد رسول الله
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜੰਗੇ ਖੰਦਕ ਦੀ ਰੌਸ਼ਨੀ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਜੀਵਨੀ ਦਾ ਬਿਆਨ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 13 ਸਤੰਬਰ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَاِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਜੰਗੇ ਅਹਜ਼ਾਬ ਦੇ ਹਵਾਲੇ ਨਾਲ ਪਿਛਲੇ ਖੁਤਬੇ ਵਿੱਚ ਜ਼ਿਕਰ ਹੋ ਰਿਹਾ ਸੀ ਕਿ ਕਿਵੇਂ ਖੈਬਰ ਦੇ ਯਹੂਦੀਆਂ ਦੇ ਅਹਦ ਤੋੜ੍ਹਨ ਅਤੇ ਦੁਸ਼ਮਨੀ ਕਰਕੇ ਕੁਫ਼ਾਰ ਦਾ ਇੱਕ ਲਸ਼ਕਰ ਤਿਆਰ ਹੋਇਆ ਤਾਂ ਕਿ ਮੁਸਲਮਾਨਾਂ ਉੱਤੇ ਹਮਲਾ ਕਰਕੇ ਉਨ੍ਹਾਂ ਨੂੰ ਖਤਮ ਕੀਤਾ ਜਾਏ। ਇਸ ਦਾ ਹੋਰ ਵਿਸਥਾਰ ਇਤਿਹਾਸ ਵਿੱਚ ਇੰਝ ਮਿਲਦਾ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਸੁਲੈਤ ਅਤੇ ਸੁਫ਼ਯਾਨ ਬਿਨ ਔਫ ਅਸਲਮੀ ਨੂੰ ਲਸ਼ਕਰ ਦੀ ਖਬਰ ਲੈਣ ਲਈ ਭੇਜਿਆ। ਉਹ ਦੋਵੇਂ ਗਏ ਤਾਂ ਵਿਰੋਧੀਆਂ ਦੀ ਉਹਨਾਂ ਉੱਤੇ ਨਜ਼ਰ ਪੈ ਗਈ ਅਤੇ ਉਹ ਦੋਵੇਂ ਲੜ੍ਹਦੇ ਲੜ੍ਹਦੇ ਸ਼ਹੀਦ ਹੋ ਗਏ। ਜੱਦ ਖੰਦਕ ਖੋਦਣ ਦਾ ਫੈਸਲਾ ਹੋਇਆ। ਤੱਦ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਆਪਣੇ ਘੋੜ੍ਹੇ ਉੱਤੇ ਸਵਾਰ ਹੋਏ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਦੇ ਨਾਲ ਕਈ ਮੁਹਾਜਿਰ ਅਤੇ ਅੰਨਸਾਰ ਵੀ ਸਨ। ਆਪ ਸੱਲਲਾਹੁ ਅਲੈਹਿ ਵੱਸਲਮ ਨੇ ਲਸ਼ਕਰ ਦੇ ਪੜ੍ਹਾਓ ਲਈ ਥਾਂ ਤਲਾਸ਼ ਕੀਤੀ ਅਤੇ ਮੁਸਲਮਾਨਾਂ ਨੇ ਬਨੂ ਕੁਰੇਜ਼ਾ ਤੋਂ ਖੁਦਾਈ ਦੇ ਬਹੁਤ ਸਾਰਾ ਸਮਾਨ ਜਿਵੇਂ ਕਈਆਂ, ਕੁਲਹਾੜ੍ਹੇ ਆਦਿ ਲਏ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਖੰਦਕ ਦੇ ਹਰ ਪਾਸੇ ਦੀ ਖੁਦਾਈ ਇੱਕ ਕੌਮ ਦੇ ਹਵਾਲੇ ਕਰ ਦਿੱਤੀ ਸੀ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਆਪ ਵੀ ਖੁਦਾਈ ਵਿੱਚ ਹਿੱਸਾ ਲਿਆ ਅਤੇ ਮਿੱਟੀ ਆਪਣੀ ਪਿੱਠ ਉੱਤੇ ਚੁੱਕੀ। ਇੱਥੇ ਤੱਕ ਕਿ ਆਪ ਸੱਲਲਾਹੁ ਅਲੈਹਿ ਵੱਸਲਮ ਦੀ ਪਿੱਠ ਅਤੇ ਪੇਟ ਮਿੱਟੀ ਨਾਲ ਭਰ ਜਾਂਦੇ ਜੋ ਮੁਸਲਮਾਨ ਆਪਣੇ ਹਿੱਸੇ ਤੋਂ ਵਿਹਲੇ ਹੋ ਜਾਂਦੇ। ਉਹ ਹੋਰਾਂ ਦੀ ਮਦਦ ਲਈ ਪਹੁੰਚ ਜਾਂਦੇ। ਇੱਥੇ ਤੱਕ ਕਿ ਖੰਦਕ ਮੁਕਮਲ ਹੋ ਗਈ। ਖੰਦਕ ਖੋਦਣ ਵਿੱਚ ਕੋਈ ਮੁਸਲਮਾਨ ਪਿੱਛੇ ਨਹੀਂ ਰਿਹਾ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਨੂੰ ਜੱਦ ਟੋਕਰੀਆਂ ਨ ਮਿਲਦੀਆਂ ਤਾਂ ਛੇਤੀ ਵਿੱਚ ਆਪਣੇ ਕੱਪੜ੍ਹਿਆਂ ਵਿੱਚ ਪਾ ਲੈਂਦੇ ਸਨ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਵੀ ਬਿਆਨ ਫ਼ਰਮਾਇਆ ਹੈ। ਕਹਿੰਦੇ ਹਨ ਕਿ ਇੰਨ੍ਹੇ ਵੱਡੇ ਲਸ਼ਕਰ ਨੂੰ ਲੁਕਾ ਕੇ ਰੱਖਣਾ ਕੁਫ਼ਾਰ ਲਈ ਮੁਸ਼ਕਿਲ ਸੀ ਅਤੇ ਫਿਰ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦਾ ਜਾਸੂਸੀ ਦਾ ਪ੍ਰਬੰਧ ਵੀ ਬਹੁਤ ਮਜਬੂਤ ਸੀ। ਹਾਲੇ ਕੁਰੇਸ਼ ਦਾ ਲਸ਼ਕਰ ਮੱਕੇ ਤੋਂ ਨਿਕਲਿਆ ਹੀ ਸੀ ਕਿ ਆਪ ਸੱਲਲਾਹੁ ਅਲੈਹਿ ਵੱਸਲਮ ਨੂੰ ਉਹਨਾਂ ਦੀ ਖਬਰ ਪਹੁੰਚ ਗਈ। ਜਿਸ ਉੱਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਸਹਾਬਾ

ਨਾਲ ਸਲਾਹ ਕੀਤੀ । ਇਸ ਸਲਾਹ ਵਿੱਚ ਇਰਾਨ ਦੇ ਇੱਕ ਸ਼ਰਧਾਵਾਨ ਸਹਾਬੀ ਸਲਮਾਨ ਫ਼ਾਰਸੀ ਰਜ਼ੀ ਅੱਲਾਹ ਅੰਨਹੁ ਵੀ ਸ਼ਾਮਿਲ ਸਨ । ਜੋ ਅਜਮੀ (ਅਰਥਾਤ ਗੈਰ ਅਰਬ) ਜੰਗੀ ਤਰੀਕ ਤੋਂ ਜਾਣੂ ਸਨ । ਉਨ੍ਹਾਂ ਨੇ ਇਹ ਸਲਾਹ ਪੇਸ਼ ਕੀਤੀ ਕਿ ਮਦੀਨਾ ਦੇ ਗੈਰ ਸੁਰੱਖਿਅਤ ਹਿੱਸੇ ਦੇ ਸਾਮਣ੍ਹੇ ਇੱਕ ਲੰਮੀ ਅਤੇ ਡੂੰਗੀ ਖੰਦਕ ਖੋਦ ਕੇ ਆਪਣੇ ਆਪ ਨੂੰ ਸੁਰੱਖਿਅਤ ਕਰ ਲਿਆ ਜਾਵੇ । ਆਪ ਸੱਲਲਾਹੁ ਅਲੈਹਿ ਵੱਸਲਮ ਨੇ ਇਸ ਸੁਝਾਵ ਨੂੰ ਮਨਜ਼ੂਰ ਫ਼ਰਮਾਇਆ । ਮਦੀਨਾ ਦਾ ਸ਼ਹਿਰ ਤਿੰਨ ਪਾਸਿਓਂ ਇੱਕ ਹੱਦ ਤੱਕ ਸੁਰੱਖਿਅਤ ਸੀ ਅਤੇ ਕੇਵਲ ਸ਼ਾਮ ਵਲ੍ਹੋਂ ਅਜਿਹਾ ਸੀ । ਜਿੱਥੋਂ ਵਿਰੋਧੀ ਜਮ੍ਹਾਂ ਹੋ ਕੇ ਮਦੀਨਾ ਉੱਤੇ ਹਮਲਾ ਕਰ ਸਕਦੇ ਸਨ । ਇਸ ਲਈ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਇਸ ਗੈਰ ਸੁਰੱਖਿਅਤ ਪਾਸੇ ਖੰਦਕ ਦੇ ਖੋਦਣ ਦਾ ਹੁਕਮ ਦਿੱਤਾ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਆਪ ਆਪਣੀ ਨਿਗਰਾਨੀ ਵਿੱਚ ਮੌਕਾ ਉੱਤੇ ਨਿਸ਼ਾਨ ਲਾ ਕੇ ਵੰਡ ਦੇ ਅਸੂਲਾਂ ਅਧੀਨ ਖੰਡਕ ਨੂੰ 10-10 ਹੱਥ ਅਰਥਾਤ 15=15 ਫੁੱਟ ਦੇ ਟੁਕੜਿਆਂ ਵਿੱਚ ਵੰਡ ਕੇ ਹਰ ਟੁਕੜ੍ਹਾ 10-10 ਸਹਾਬੀਆਂ ਦੇ ਹਵਾਲੇ ਕੀਤਾ । ਇਨ੍ਹਾਂ ਗਰੁੱਪਾਂ ਦੀ ਵੰਡ ਵਿੱਚ ਇਹ ਗੱਲ੍ਹ ਵੀ ਸਾਮ੍ਹਣੇ ਆਈ ਕਿ ਸਲਮਾਨ ਫ਼ਾਰਸੀ ਰਜ਼ੀ ਅੱਲਾਹ ਅੰਨਹੁ ਕਿਸ ਗਰੁੱਪ ਵਿੱਚ ਸ਼ਾਮਿਲ ਹੋਣਗੇ । ਉਹ ਮੁਹਾਜਿਰ ਸਮਝੇ ਜਾਣਗੇ ਜਾਂ ਕਿਉਂਕਿ ਉਹ ਇਸਲਾਮ ਆਉਣ ਤੋਂ ਪਹਿਲਾਂ ਹੀ ਮਦੀਨਾ ਵਿੱਚ ਆ ਗਏ ਸਨ ਅੰਨਸਾਰ ਵਿੱਚ ਸ਼ਾਮਿਲ ਹੋਣਗੇ । ਅੰਤ ਇਹ ਵਿਰੋਧ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਸਾਮ੍ਹਣੇ ਪੇਸ਼ ਹੋਇਆ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਮੁਸਕਰਾਉਂਦੇ ਹੋਏ ਫ਼ਰਮਾਇਆ ਕਿ ਸਲਮਾਨ ਦੋਵਾਂ ਵਿੱਚੋਂ ਨਹੀਂ ਹਨ । ਸਗੋਂ ਮੇਰੇ ਅਹਲੇ ਬੈਅਤ ਵਿੱਚ ਸ਼ਾਮਿਲ ਕੀਤੇ ਜਾਣਗੇ । ਉਸ ਸਮੇਂ ਤੋਂ ਸਲਮਾਨ ਰਜ਼ੀ ਅੱਲਾਹ ਅੰਨਹੁ ਨੂੰ ਇਹ ਮਾਣ ਪ੍ਰਾਪਤ ਹੋ ਗਿਆ ਕਿ ਉਹ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਘਰ ਦੇ ਆਦਮੀ ਸਮਝੇ ਜਾਣ ਲੱਗੇ ।

ਖੰਦਕ ਦਾ ਸੁਝਾਵ ਪੱਕਾ ਹੋਣ ਦੇ ਬਾਦ ਸਹਾਬਾ ਰਜ਼ੀ ਅੱਲਾਹ ਅੰਨਹੁ ਦੀ ਜਮਾਤ ਮਜ਼ਦੂਰਾਂ ਵਾਲੇ ਕੱਪੜ੍ਹੇ ਪਾ ਕੇ ਮੈਦਾਨ ਵਿੱਚ ਆ ਗਏ । ਖ਼ੁਦਾਈ ਦਾ ਕੰਮ ਆਸਾਨ ਨਹੀਂ ਸੀ ਅਤੇ ਫਿਰ ਮੌਸਮ ਵੀ ਸਰਦੀ ਦਾ ਸੀ । ਜਿਸ ਕਰਕੇ ਉਹਨਾਂ ਦਿਨਾਂ ਵਿੱਚ ਸਹਾਬਾ ਨੇ ਸਖਤ ਤਕਲੀਫਾਂ ਚੁੱਕੀਆਂ ਅਤੇ ਕਿਉਂਕਿ ਦੂਜੇ ਕੰਮ ਬਿਲਕੁੱਲ ਬੰਦ ਹੋ ਗਏ ਸਨ । ਇਸ ਲਈ ਇਨ੍ਹਾਂ ਦਿਨਾਂ ਵਿੱਚ ਭੁੱਖ ਪਿਆਸ ਦੀ ਮੁਸੀਬਤ ਵੀ ਬਰਦਾਸ਼ਤ ਕਰਨੀ ਪਈ । ਸਹਾਬਾ ਰਜੀ ਅੱਲਾਹ ਅੰਨਹੁਮਾ ਦੇ ਕੋਲ੍ਹ ਨੌਕਰ ਅਤੇ ਗੁਲਾਮ ਵੀ ਨਹੀਂ ਸਨ । ਇਸ ਲਈ ਸਾਰੇ ਸਹਾਬਾ ਨੂੰ ਆਪ ਆਪਣੇ ਹੱਥਾਂ ਨਾਲ ਕੰਮ ਕਰਨਾ ਪੈਂਦਾ ਸੀ । ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਵੀ ਬਹੁਤਾ ਸਮਾਂ ਖੰਦਕ ਦੇ ਕੋਲ੍ਹ ਲੰਘਾਂਦੇ ਅਤੇ ਕਈ ਵਾਰ ਆਪ ਵੀ ਸਹਾਬਾ ਦੇ ਨਾਲ ਮਿਲ ਕੇ ਖ਼ੁਦਾਈ ਅਤੇ ਮਿੱਟੀ ਦੀ ਢੁਆਈ ਦਾ ਕੰਮ ਕਰਦੇ ਅਤੇ ਉਹਨਾਂ ਵਿੱਚ ਜੋਸ਼ ਜਜ਼ਬਾ ਕਾਯਮ ਰੱਖਣ ਲਈ ਕਈ ਵਾਰ ਆਪ ਸੱਲਲਾਹੁ ਅਲੈਹਿ ਵੱਸਲਮ ਕੰਮ ਕਰਦੇ ਹੋਏ ਸ਼ੈਅਰ ਪੜ੍ਹਣ ਲੱਗ ਜਾਂਦੇ ਅਤੇ ਸਹਾਬਾ ਵੀ ਕਈ ਵਾਰ ਸ਼ੈਅਰ ਵਿੱਚ ਜਵਾਬ ਦਿੰਦੇ ਸਨ । ਖੰਦਕ ਦੀ ਖ਼ੁਦਾਈ ਵਿੱਚ ਆਪ ਸੱਲਲਾਹੁ ਅਲੈਹਿ ਵੱਸਲਮ ਦਾ ਸ਼ਾਮਿਲ ਹੋਣਾ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਦੀ ਦੁਆਵਾਂ ਦੀ ਬਰਕਤ ਨਾਲ ਸਹਾਬਾ ਆਪਣੇ ਗਮ ਅਤੇ ਮਿਹਨਤ ਦੀ ਥਕਾਵਟ ਨੂੰ ਭੁੱਲ ਜਾਂਦੇ ਸਨ । ਜਿੱਥੇ ਇੱਕ ਪਾਸੇ ਪਵਿੱਤਰ ਸ਼ੈਅਰ ਪੜ੍ਹੇ ਜਾਂਦੇ ਤਾਂ ਦੂਜੇ ਪਾਸੇ ਹਲਕਾ ਫੁਲਕਾ ਮਜ਼ਾਕ ਵੀ ਜਾਰੀ ਰਹਿੰਦਾ ਸਹਾਬਾ ਰਜ਼ੀ ਅੱਲਾਹ ਅੰਨਹੁਮਾ ਦੀ ਲਗਾਤਾਰ ਰਾਤ ਦਿਨ ਦੀ ਮਿਹਨਤ ਅਤੇ ਹਜ਼ੂਰ ਸੱਲਲਾਹੁ ਅਲੈਹਿ ਵੱਸਲਮ ਦੀ ਦੁਆਵਾਂ ਦੀ ਬਰਕਤ ਨਾਲ ਖੰਦਕ ਮੁਕੰਮਲ ਹੋ ਗਈ । ਉਸ ਦੇ ਮੁਕੰਮਲ ਹੋਣ ਦੇ ਸਮੇਂ ਬਾਰੇ ਵੱਖੋ ਵੱਖ ਸਾਖੀਆਂ ਹਨ । 15 ਦਿਨ ਅਤੇ 01 ਮਹੀਨੇ ਦੀ ਸਾਖੀ ਉੱਤੇ ਵੱਧ ਸਹਿਮਤੀ ਕੀਤੀ ਜਾਂਦੀ ਹੈ । ਖੰਦਕ ਦੀ ਲੰਬਾਈ ਕਰੀਬ 6000 ਗਜ਼ ਜਾਂ ਕੋਈ 3.5 ਮੀਲ ਸੀ । ਚੋੜ੍ਹਾਈ 13-14 ਫੁੱਟ ਅਤੇ ਡੂੰਗਾਈ 10-11 ਫੁੱਟ ਬਣਦੀ ਹੈ । ਇਹ ਖੰਦਕ ਸਦੀਆਂ ਤੱਕ ਮੌਜੂਦ ਰਹੀ । ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਪਤਨੀਆਂ ਵੀ ਖਤਰੇ ਦੀ ਇਸ ਘੜ੍ਹੀ ਵਿੱਚ ਬਹਾਦਰਾਂ ਵਾਂਗ ਨਬੀ ਕਰੀਮ ਸੱਲਲਾਹੁ ਅਲੈਹਿ ਵੱਸਲਮ ਦੇ ਨਾਲ ਖੜ੍ਹੀ ਨਜ਼ਰ ਆਉਂਦੀਆਂ । ਕਦੇ ਤਾਂ ਹਜ਼ਰਤ ਆਇਸ਼ਾ ਰਜ਼ੀ ਅੱਲਾਹ

ਅੰਨਹਾ, ਕਦੇ ਹਜ਼ਰਤ ਉਮੇ ਸਲਮਾ ਰਜ਼ੀ ਅੱਲਾਹ ਅੰਨਹਾ ਜਾਂ ਹਜ਼ਰਤ ਜ਼ੈਨਬ ਰਜ਼ੀ ਅੱਲਾਹ ਅੰਨਹਾ ਕੁੱਝ ਦਿਨ ਆਪ ਸੱਲਲਾਹੁ ਅਲੈਹਿ ਵੱਸਲਮ ਦੇ ਨਾਲ ਰਹਿੰਦੀਆਂ।

ਖੁਦਾਈ ਦੇ ਦੌਰਾਨ ਚਟਾਨ ਨ ਟੁੱਟਣ ਵਾਲਾ ਕਿੱਸਾ ਵੀ ਬਿਆਨ ਕੀਤਾ ਜਾਂਦਾ ਹੈ। ਇੱਕ ਸਾਖੀ ਵਿੱਚ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਕੁੱਝ ਪਾਣੀ ਮੰਗਵਾਇਆ ਅਤੇ ਉਸ ਵਿੱਚ ਆਪਣਾ ਥੁੱਕ ਪਾਇਆ। ਫਿਰ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਰੱਬ ਤੋਂ ਦੁਆ ਮੰਗੀ ਅਤੇ ਇਹ ਪਾਣੀ ਉਸ ਪੱਥਰੀਲੀ ਜ਼ਮੀਨ ਉੱਤੇ ਛਿੜਕ ਦਿੱਤਾ। ਜਿਸ ਨਾਲ ਉਹ ਜ਼ਮੀਨ ਨਰਮ ਹੋ ਕੇ ਰੇਤ ਵਾਂਗ ਹੋ ਗਈ।

ਇੱਕ ਹੋਰ ਮੌਕੇ ਉੱਤੇ ਜ਼ਿਕਰ ਹੈ ਕਿ ਹਜ਼ਰਤ ਸਲਮਾਨ ਫ਼ਾਰਸੀ ਰਜੀ ਅੱਲਾਹ ਅੰਨਹੁ ਤੋਂ ਇੱਕ ਚਟਾਨ ਟੁੱਟ ਨਹੀਂ ਰਹੀ ਸੀ ਤਾਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਉਨ੍ਹਾਂ ਤੋਂ ਕੁਦਾਲ ਲੈ ਕੇ ਚੋਟ ਮਾਰੀ ਅਤੇ ਤਿੰਨ ਖੁਸ਼ਖਬਰੀਆਂ ਵੀ ਸੁਣਾਈ। ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਇਸ ਸੰਬੰਧੀ ਲਿਖਦੇ ਹਨ ਕਿ ਤੰਗੀ ਅਤੇ ਸਖਤੀ ਦੀ ਹਾਲਤ ਵਿੱਚ ਖੰਦਕ ਪੁੱਟਦੇ ਪੁੱਟਦੇ ਇੱਕ ਥਾਂ ਉੱਤੇ ਇੱਕ ਪੱਥਰ ਨਿਕਲਿਆ। ਜੋ ਕਿਸੇ ਤਰ੍ਹਾਂ ਟੁੱਟਣ ਵਿੱਚ ਨ ਆਉਂਦਾ ਸੀ। ਆਖਿਰ ਤੰਗ ਆ ਕੇ ਸਹਾਬਾ, ਆਪ ਸੱਲਲਾਹੁ ਅਲੈਹਿ ਵੱਸਲਮ ਦੀ ਸੇਵਾ ਵਿੱਚ ਹਾਜ਼ਿਰ ਹੋਏ ਅਤੇ ਕਿਹਾ ਕਿ ਇੱਕ ਪੱਥਰ ਹੈ। ਜੋ ਟੁੱਟਣ ਵਿੱਚ ਨਹੀਂ ਆਉਂਦਾ। ਆਪ ਸੱਲਲਾਹੁ ਅਲੈਹਿ ਵੱਸਲਮ ਛੇਤੀ ਨਾਲ ਉੱਤੇ ਗਏ ਅਤੇ ਇੱਕ ਕੁਦਾਲ ਲੈ ਕੇ ਰੱਬ ਦਾ ਨਾਂ ਲੈਂਦੇ ਹੋਏ ਉਸ ਪੱਥਰ ਉੱਤੇ ਮਾਰੀ। ਲੋਹੇ ਦੇ ਲੱਗਣ ਨਾਲ ਪੱਥਰ ਵਿੱਚੋਂ ਇੱਕ ਅੱਗ ਦਾ ਸ਼ੋਅਲਾ ਨਿਕਲਿਆ। ਜਿਸ ਉੱਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਜ਼ੋਰ ਨਾਲ ਅੱਲਾਹੁ ਅਕਬਰ ਕਿਹਾ ਅਤੇ ਫ਼ਰਮਾਇਆ ਕਿ ਮੈਨੂੰ ਸ਼ਾਮ ਦੇਸ਼ ਦੀਆਂ ਚਾਬੀਆਂ ਦਿੱਤੀਆਂ ਗਈਆਂ ਹਨ ਅਤੇ ਰੱਬ ਦੀ ਸੌਂਹ ! ਇਸ ਸਮੇਂ ਸ਼ਾਮ ਦੇ ਲਾਲ ਮਹਿਲ ਮੇਰੀਆਂ ਅੱਖਾਂ ਦੇ ਸਾਮ੍ਹਣੇ ਹਨ। ਇਸ ਚੋਟ ਨਾਲ ਉਹ ਪੱਥਰ ਕੁੱਝ ਨਰਮ ਹੋ ਗਿਆ। ਦੂਜੀ ਵਾਰ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫਿਰ ਅੱਲਾਹ ਦਾ ਨਾਂ ਲੈ ਕੇ ਕੁਦਾਲ ਚਲਾਈ ਅਤੇ ਫਿਰ ਅੱਗ ਦਾ ਇੱਕ ਸ਼ੋਅਲਾ ਨਿਕਲਿਆ। ਜਿਸ ਉੱਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫਿਰ ਅੱਲਾਹੁ ਅਕਬਰ ਕਿਹਾ ਅਤੇ ਫ਼ਰਮਾਇਆ : ਇਸ ਵਾਰ ਮੈਨੂੰ ਫ਼ਾਰਸ ਦੀਆਂ ਚਾਬੀਆਂ ਦਿੱਤੀਆਂ ਗਈਆਂ ਅਤੇ ਮਦਾਇਨ ਦੇ ਚਿੱਟੇ ਮਹਿਲ ਮੈਨੂੰ ਨਜ਼ਰ ਆ ਰਹੇ ਹਨ। ਇਸ ਵਾਰ ਪੱਥਰ ਹੋਰ ਨਰਮ ਹੋ ਗਿਆ। ਤੀਜੀ ਵਾਰ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫਿਰ ਕੁਦਾਲ ਮਾਰੀ। ਜਿਸ ਦੇ ਸਿੱਟੇ ਵਿੱਚ ਫਿਰ ਅੱਗ ਦਾ ਇੱਕ ਸ਼ੋਅਲਾ ਨਿਕਲਿਆ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫਿਰ ਅੱਲਾਹੁ ਅਕਬਰ ਕਿਹਾ ਅਤੇ ਫ਼ਰਮਾਇਆ : ਹੁਣ ਮੈਨੂੰ ਯਮਨ ਦੀਆਂ ਚਾਬੀਆਂ ਦਿੱਤੀਆਂ ਗਈਆਂ ਹਨ ਅਤੇ ਰੱਬ ਦੀ ਸੌਂਹ ! ਸਨਆ ਦੇ ਬੂਹੇ ਮੈਨੂੰ ਇਸ ਸਮੇਂ ਵਿਖਾਏ ਜਾ ਰਹੇ ਹਨ। ਇਸ ਵਾਰ ਉਹ ਪੱਥਰ ਬਿਲਕੁੱਲ ਨਰਮ ਹੋ ਕੇ ਆਪਣੀ ਥਾਂ ਤੋਂ ਢਿੱਗ ਗਿਆ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਇਹ ਨਜ਼ਾਰੇ ਕਸ਼ਫ ਨਾਲ ਸੰਬੰਧ ਰੱਖਦੇ ਸਨ। ਇਸ ਤੰਗੀ ਦੇ ਸਮੇਂ ਰੱਬ ਨੇ ਆਪ ਸੱਲਲਾਹੁ ਅਲੈਹਿ ਵੱਸਲਮ ਦੀ ਅੱਗਲੀਆਂ ਜਿੱਤਾਂ ਦੇ ਨਜ਼ਾਰੇ ਵਿਖਾ ਕੇ ਸਹਾਬਾ ਵਿੱਚ ਉਮੀਦ ਦੀ ਰੂਹ ਪੈਦਾ ਫ਼ਰਮਾਈ। ਮਦੀਨੇ ਦੇ ਮੁਨਾਫ਼ਿਕਾਂ ਨੇ ਇਹਨਾਂ ਵਚਨਾਂ ਨੂੰ ਸੁਣ ਕੇ ਮੁਸਲਮਾਨਾਂ ਦਾ ਮਖੌਲ ਉਡਾਇਆ ਕਿ ਘਰ ਤੋਂ ਬਾਹਰ ਪੈਰ ਰੱਖਣ ਦੀ ਤਾਕਤ ਨਹੀਂ ਅਤੇ ਕੈਸਰ ਤੇ ਕਿਸਰਾ ਦੀ ਹਕੂਮਤਾਂ ਦੇ ਸੁਪਨੇ ਵੇਖ ਰਹੇ ਹਨ। ਪਰ ਰੱਬ ਦੇ ਇਹ ਵਚਨ ਆਪਣੇ ਆਪਣੇ ਸਮੇਂ ਉੱਤੇ ਅਰਥਾਤ ਕੁੱਝ ਤਾਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਅੰਤਿਮ ਦਿਨਾਂ ਵਿੱਚ ਅਤੇ ਕੁੱਝ ਆਪ ਸੱਲਲਾਹੁ ਅਲੈਹਿ ਵੱਸਲਮ ਦੇ ਖ਼ੁੱਲਫ਼ਾ ਦੇ ਜ਼ਮਾਨੇ ਵਿੱਚ ਪੂਰੇ ਹੋ ਕੇ ਮੁਸਲਮਾਨਾਂ ਦੇ ਈਮਾਨ ਅਤੇ ਯਕੀਨ ਵਿੱਚ ਵਾਧੇ ਦਾ ਕਾਰਨ ਬਣੇ।

ਖਾਣੇ ਦਾ ਚਮਤਕਾਰ ਵੀ ਹੈ। ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਇਹ ਕਿੱਸਾ ਇੰਞ ਬਿਆਨ ਫ਼ਰਮਾਇਆ ਹੈ ਕਿ ਇਸ ਮੌਕੇ ਉੱਤੇ ਇੱਕ ਸ਼ਰਧਾਵਾਨ ਸਹਾਬੀ ਜਾਬਿਰ ਬਿਨ ਅਬਦੁੱਲਾਹ ਨੇ ਆਪ ਸੱਲਲਾਹੁ ਅਲੈਹਿ ਵੱਸਲਮ ਦੇ ਚਹਰੇ ਉੱਤੇ ਭੁੱਖ ਕਰਕੇ ਕਮਜ਼ੋਰੀ ਦੇ ਪ੍ਰਭਾਵ ਵੇਖ ਕੇ ਆਪ ਸੱਲਲਾਹੁ ਅਲੈਹਿ ਵੱਸਲਮ ਤੋਂ

ਆਪਣੇ ਘਰ ਜਾਣ ਦੀ ਆਗਿਆ ਮੰਗੀ ਅਤੇ ਘਰ ਆ ਕੇ ਪਤਨੀ ਨੂੰ ਕਿਹਾ ਕਿ ਕੀ ਤੁਹਾਡੇ ਕੋਲ੍ਹ ਖਾਣ ਲਈ ਕੁੱਝ ਹੈ ? ਉਸ ਨੇ ਕਿਹਾ ਕਿ ਕੁੱਝ ਜੌਂ ਦਾ ਆਟਾ ਹੈ ਅਤੇ ਇੱਕ ਬਕਰੀ ਹੈ। ਹਜ਼ਰਤ ਜਾਬਰ ਰਜ਼ੀ ਅੱਲਾਹ ਅੰਨਹੁ ਨੇ ਬਕਰੀ ਨੂੰ ਕੁਰਬਾਨ ਕੀਤਾ ਅਤੇ ਆਟੇ ਨੂੰ ਗੁੰਨਿਆ ਅਤੇ ਆਪਣੀ ਪਤਨੀ ਨੂੰ ਕਿਹਾ ਕਿ ਤੂੰ ਖਾਣਾ ਤਿਆਰ ਕਰ। ਮੈਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਸੇਵਾ ਵਿੱਚ ਜਾ ਕੇ ਬਿਨਤੀ ਕਰਨਾ ਕਿ ਤਸ਼ਰੀਫ਼ ਲਿਆਉਣ। ਆਪ ਰਜ਼ੀ ਅੱਲਾਹ ਅੰਨਹੁ ਦੀ ਪਤਨੀ ਨੇ ਕਿਹਾ ਕਿ ਵੇਖਣਾ ਮੈਨੂੰ ਜ਼ਲੀਲ ਨ ਕਰਨਾ। ਖਾਣਾ ਥੋੜ੍ਹਾ ਹੈ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਨਾਲ ਬਹੁਤ ਲੋਕ ਨ ਆਉਣ। ਹਜ਼ਰਤ ਜਾਬਿਰ ਰਜ਼ੀ ਅੱਲਾਹ ਅੰਨਹੁ ਨੇ ਹਲਕੇ ਨਾਲ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਕਿਹਾ ਕਿ ਹੇ ਅੱਲਾਹ ਦੇ ਰਸੂਲ ! ਆਪ ਆਪਣੇ ਕੁੱਝ ਸਾਥੀਆਂ ਨਾਲ ਲੰਗਰ ਛੱਕਣ ਲਈ ਤਸ਼ਰੀਫ਼ ਲਿਆਉਣ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ : ਖਾਣਾ ਕਿੰਨ੍ਹਾ ਹੈ ? ਮੈਂ ਕਿਹਾ ਕਿ ਇਨ੍ਹਾਂ ਇਨ੍ਹਾਂ ਹੈ। ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ : ਬਹੁਤ ਹੈ। ਫਿਰ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਆਪਣੇ ਆਲੇ ਦੁਆਲੇ ਨਜ਼ਰ ਪਾ ਕੇ ਉੱਚੀ ਆਵਾਜ਼ ਵਿੱਚ ਫ਼ਰਮਾਇਆ : ਹੇ ਅੰਨਸਾਰ ਅਤੇ ਮੁਹਾਜਿਰ ਦੀ ਜਮਾਤ ! ਚਲੋ ਜਾਬਿਰ ਨੇ ਸਾਡੀ ਦਾਅਵਤ ਕੀਤੀ ਹੈ। ਇਸ ਆਵਾਜ਼ ਉੱਤੇ ਕੋਈ 1000 ਭੁੱਖੇ ਸਹਾਬੀ ਆਪ ਸੱਲਲਾਹੁ ਅਲੈਹਿ ਵੱਸਲਮ ਦੇ ਨਾਲ ਚੱਲ ਪਏ। ਆਪ ਸੱਲਲਾਹੁ ਅਲੈਹਿ ਵੱਸਲਮ ਨੇ ਜਾਬਿਰ ਰਜ਼ੀ ਅੱਲਾਹ ਅੰਨਹੁ ਨੂੰ ਫ਼ਰਮਾਇਆ ਕਿ ਤੁਸੀਂ ਛੇਤੀ ਜਾਓ ਅਤੇ ਆਪਣੀ ਪਤਨੀ ਨੂੰ ਕਹੋ ਕਿ ਜੱਦ ਤੱਕ ਮੈਂ ਨ ਆਵਾਂ। ਭਾਂਡੇ ਨੂੰ ਚੁੱਲ੍ਹੇ ਉੱਤੋਂ ਨ ਲਾਹੇ ਅਤੇ ਨ ਹੀ ਰੋਟੀਆਂ ਪਾਉਣੀਆਂ ਸ਼ੁਰੂ ਕਰੇ। ਜਾਬਿਰ ਰਜ਼ੀ ਅੱਲਾਹ ਅੰਨਹੁ ਨੇ ਛੇਤੀ ਨਾਲ ਆਪਣੀ ਪਤਨੀ ਨੂੰ ਖਬਰ ਦਿੱਤੀ ਅਤੇ ਉਹ ਬੇਚਾਰੀ ਸਖਤ ਘਬਰਾਈ ਕਿ ਹੁਣ ਕੀ ਹੋਵੇਗਾ। ਪਰ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਉੱਥੇ ਪਹੁੰਚਦੇ ਹੀ ਬਹੁਤ ਆਰਾਮ ਨਾਲ ਹਾਂਡੀ ਅਤੇ ਆਟੇ ਦੇ ਭਾਂਡੇ ਉੱਤੇ ਦੁਆ ਕੀਤੀ ਅਤੇ ਫਿਰ ਫ਼ਰਮਾਇਆ ਕਿ ਹੁਣ ਰੋਟੀਆਂ ਪਾਉਣੀ ਸ਼ੁਰੂ ਕਰੋ। ਉਸ ਦੇ ਬਾਦ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਖਾਣਾ ਵੰਡ ਦਿੱਤਾ। ਜਾਬਿਰ ਰਜ਼ੀ ਅੱਲਾਹ ਅੰਨਹੁ ਸਾਖੀ ਬਿਆਨ ਕਰਦੇ ਹਨ ਕਿ ਮੈਨੂੰ ਉਸ ਜ਼ਾਤ ਦੀ ਕਸਮ ਹੈ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ ਕਿ ਉਸੇ ਖਾਨੇ ਤੋਂ ਸਭ ਲੋਕ ਰੱਜ ਕੇ ਉਠ ਗਏ ਅਤੇ ਹਾਲੇ ਸਾਡੀ ਹਾਂਡੀ ਉਸੇ ਤਰ੍ਹਾਂ ਉਬਲ ਰਹੀ ਸੀ ਅਤੇ ਆਟਾ ਉਸੇ ਤਰ੍ਹਾਂ ਪੱਕ ਰਿਹਾ ਸੀ।

ਖੁਤਬੇ ਦੇ ਅੰਤ ਵਿੱਚ ਹਜ਼ੂਰੇ ਅਨਵਰ ਨੇ ਫ਼ਰਮਾਇਆ : ਜੰਗੇ ਅਹਜ਼ਾਬ ਦੇ ਹਵਾਲੇ ਨਾਲ ਬਾਕੀ ਗੱਲ੍ਹਾਂ ਫਿਰ ਬਿਆਨ ਕਰਾਂਗਾ। ਦੁਆਵਾਂ ਵੱਲ੍ਹ ਮੈਂ ਧਿਆਨ ਦੁਆਉਂਦਾ ਰਹਿਣਾ। ਇਸ ਪਾਸੇ ਬਹੁਤ ਧਿਆਨ ਕਰੋ। ਰੱਬ ਸਾਡੇ ਈਮਾਨਾਂ ਨੂੰ ਮਜਬੂਤ ਕਰੇ। ਹਰ ਥਾਂ ਹਰ ਦੇਸ਼ ਵਿੱਚ ਰਹਿਣ ਵਾਲੇ ਅਹਮਦੀਆਂ ਨੂੰ, ਬੰਗਲਾਦੇਸ਼, ਪਾਕਿਸਤਾਨ ਅਤੇ ਹੋਰ ਦੇਸ਼ਾਂ ਵਿੱਚ ਹਰ ਸ਼ਰ ਤੋਂ ਹਰ ਅਹਮਦੀ ਨੂੰ ਬੱਚਾਏ ਅਤੇ ਦੁਨੀਆਂ ਜਿਸ ਅੱਗ ਵਿੱਚ ਪੈ ਰਹੀ ਹੈ ਅਤੇ ਬਹੁਤ ਤੇਜ਼ੀ ਨਾਲ ਉਸ ਵਿੱਚ ਜਾਣ ਦੀ ਕੋਸ਼ਿਸ਼ ਕਰ ਰਹੀ ਹੈ। ਉਸ ਤੋਂ ਵੀ ਦੁਨੀਆਂ ਨੂੰ ਬੱਚਾਏ। ਰੱਬ ਰਹਿਮ ਕਰੇ। ਰੱਬ ਸਭ ਤਾਕਤਾਂ ਦਾ ਮਾਲਿਕ ਹੈ। ਜੇਕਰ ਹਾਲੇ ਵੀ ਇਹ ਲੋਕ ਸੁਲਾਹ ਵੱਲ੍ਹ ਧਿਆਨ ਦੇਣ ਤਾਂ ਰੱਬ ਉਹਨਾਂ ਨੂੰ ਮੁਸੀਬਤ ਤੋਂ ਕੱਢ ਸਕਦਾ ਹੈ। ਰੱਬ ਕਰੇ ਉਹਨਾਂ ਨੂੰ ਅਕਲ ਅਤੇ ਸਮਝ ਆ ਜਾਵੇ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ
اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ أَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ
رَحِمَکُمُ اللّٰہُ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ
اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ